UNIT:5



# ਐਂਕਰਿੰਗ ਦੇ ਡਰ ਨੂੰ ਮਿਟਾਉਣਾ

ਐਂਕਰਿੰਗ ਕਰਨਾ ਕੋਈ ਸੌਖਾ ਕੰਮ ਨਹੀਂ ਹੈ। ਇਸ ਸਮੇਂ ਤੁਹਾਨੂੰ ਇਕ ਵੱਡੀ ਭੀੜ ਨਾਲ ਸੰਬੰਧ ਬਣਾਉਣਾ ਪੈਂਦਾ ਹੈ ਅਤੇ ਆਪਣੀ ਨੌਕਰੀ ਜਾਂ Duty ਵੱਲ ਵੀ ਧਿਆਨ ਦੇਣਾ ਪੈਂਦਾ ਹੈ।

- ਪ੍ਰੋਗਰਾਮ ਨੂੰ ਜਾਂ ਸਟੇਜ ਨੂੰ ਸੰਚਾਲਿਤ ਕਰਨ ਵਾਲੇ ਨੂੰ ਐਂਕਰ ਕਿਹਾ ਜਾਂਦਾ ਹੈ। ਜਿਵੇਂ ਹੀ ਪ੍ਰੋਗਰਾਮ ਨੂੰ ਚੰਗੇ ਢੰਗ ਨਾਲ ਪੂਰਾ ਕਰਨ ਦੀ ਜ਼ਿੰਮੇਵਾਰੀ ਐਂਕਰ ਦੇ ਮੋਢਿਆਂ ਤੇ ਹੁੰਦੀ ਹੈ।
- ਐਂਕਰਿੰਗ ਦੇ ਡਰ ਨੂੰ ਮਿਟਾਉਣ ਲਈ ਸ਼ੁਰੂਆਤ ਤੋਂ ਪਹਿਲਾਂ ਕੁਝ ਗੱਲਾਂ ਧਿਆਨ ਵਿਚ ਰੱਖਣੀਆਂ ਜ਼ਰੂਰੀਆਂ ਹਨ:

1. ਆਪਣੇ ਇਰਾਦੇ ਦ੍ਰਿੜ ਰੱਖੋ। ਆਪਣੇ ਆਪ ਤੇ ਭਰੋਸਾ ਰੱਖੋ ਕਿ ਤੁਸੀਂ ਇਹ ਕਰ ਸਕਦੇ ਹੋ।
2. ਆਪਣਾ ਸਟੇਜ ਤੇ ਜਾਣ ਦੇ ਡਰ ਨੂੰ ਖਤਮ ਕਰੋ। ਤੁਸੀਂ ਸ਼ੀਸ਼ੇ ਅੱਗੇ ਖੜ੍ਹੇ ਹੋ ਕੇ ਪ੍ਰੈਕਟਿਸ ਕਰਨ ਨਾਲ ਇਸ ਡਰ ਨੂੰ ਖਤਮ ਕਰ ਸਕਦੇ ਹੋ। ਇਸ ਤਰ੍ਹਾਂ ਕਰਦੇ ਸਮੇਂ ਆਪਣੇ ਬੋਲਾਂ ਦੇ, ਚਿਹਰੇ ਦੇ ਹਾਵ-ਭਾਵ ਨੂੰ ਪਰਖੋ।
3. ਆਪਣੀ ਸਕ੍ਰਿਪਟ ਪਹਿਲਾਂ ਹੀ ਤਿਆਰ ਕਰ ਲਓ।
4. ਤਿਆਰ ਕੀਤੀ ਗਈ ਸਕ੍ਰਿਪਟ ਨੂੰ ਰਟਣ ਦੀ ਬਜਾਏ ਉਸਦੀ ਕਈ ਵਾਰ ਪ੍ਰੈਕਟਿਸ ਕਰੋ।
5. ਆਪਣੇ ਸਰੋਤਿਆਂ ਨੂੰ ਸਮਝੋ ਅਤੇ ਉਨ੍ਹਾਂ ਦੇ ਵਰਤਾਰੇ ਵੱਲ ਧਿਆਨ ਰੱਖਦੇ ਹੋਏ ਉਨ੍ਹਾਂ ਨਾਲ ਸੰਬੰਧ ਬਣਾਉਣ ਦੀ ਕੋਸ਼ਿਸ਼ ਕਰੋ।
6. ਐਂਕਰਿੰਗ ਕਰਦੇ ਸਮੇਂ ਆਪਣੇ ਚਿਹਰੇ ਤੇ ਮੁਸਕਾਨ ਬਣਾਈ ਰੱਖੋ?
7. ਕਦੇ ਵੀ ਆਪਣੇ ਸਰੋਤਿਆਂ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚਾਓ। ਕਿਉਂਕਿ ਜਦੋਂ ਤੁਸੀਂ ਸਟੇਜ ਉੱਤੇ ਹੋ ਤਾਂ ਸਰੋਤਾ ਤੁਹਾਡੇ ਲਈ ਰੱਬ ਵਾਂਗ ਹੁੰਦੇ ਹਨ।
8. ਉਸ ਭਾਸ਼ਾ ਵਿਚ ਹੀ ਐਂਕਰਿੰਗ ਕਰੋ ਜਿਸ ਵਿਚ ਤੁਹਾਨੂੰ ਮੁਹਾਰਤ ਹਾਸਲ ਹੈ।
9. ਐਂਕਰਿੰਗ ਦੇ ਦੌਰਾਨ, ਪੂਰੀ ਸਟੇਜ ਨੂੰ ਕਵਰ ਕਰੋ।

Scanned with CamScanner

10. ਆਪਣੀ ਸਕ੍ਰਿਪਟ ਵਿਚ ਕੁਝ ਚੁਟਕਲੇ ਅਤੇ ਸ਼ੇਰ ਵੀ ਲਿਖ ਲਵੋ। ਜਿਸ ਨਾਲ (Audience) ਜਾਂ ਦਰਸ਼ਕਾਂ ਦਾ ਧਿਆਨ ਤੁਹਾਡੇ ਵੱਲ ਖਿੱਚਿਆ ਰਹੇ!

Scanned with CamScanner